Royal College of Anaesthetists

# ਬੇਹੋਸ਼/ਸੁੰਨ ਕਰਨ ਵਾਲੀਆਂ ਦਵਾਈਆਂ – ਜੋਖਮ ਅਤੇ ਮਾੜੇ ਪ੍ਰਭਾਵ

# ਕੰਬਣੀ

## ਇਸ ਪਰਚੇ ਬਾਰੇ

ਇਹ ਪਰਚਾ **ਬੇਹੋਸ਼/ਸੁੰਨ ਕਰਨ ਵਾਲੀ ਦਵਾਈ ਲੈਣ ਤੋਂ ਬਾਅਦ ਛਿੜਨ ਵਾਲੀ ਕੰਬਣੀ** ਬਾਰੇ ਹੈ। ਇਹ ਇੱਕ ਮਾੜਾ ਪ੍ਰਭਾਵ ਹੈ ਜੋ ਤੁਹਾਨੂੰ ਉਦੋਂ ਮਹਿਸੂਸ ਹੋ ਸਕਦਾ ਹੈ ਜਦੋਂ ਤੁਹਾਨੂੰ ਆਮ ਬੇਹੋਸ਼ੀ (ਜਨਰਲ) ਦੀ ਜਾਂ ਸਰੀਰ ਦੇ ਕਿਸੇ ਖਾਸ ਹਿੱਸੇ ਨੂੰ ਸੁੰਨ ਕਰਨ ਵਾਲੀ ਦਵਾਈ (ਖੇਤਰੀ ਐਨੱਸਥੈਟਿਕ) ਦਿੱਤੀ ਗਈ ਹੋਵੇ। ਇਹ ਇਸ ਬਾਰੇ ਦੱਸਦਾ ਹੈ ਕਿ ਕੰਬਣੀ ਦੇ ਕੀ ਕਾਰਨ ਹਨ ਅਤੇ ਇਸ ਬਾਰੇ ਕੀ ਕੀਤਾ ਜਾ ਸਕਦਾ ਹੈ।


ਤੁਸੀਂ ਸਾਡੀ ਵੈੱਬਸਾਈਟ 'ਤੇ ਵੱਖ-ਵੱਖ ਕਿਸਮਾਂ ਦੀਆਂ ਬੇਹੋਸ਼ ਕਰਨ ਵਾਲੀਆਂ ਦਵਾਈਆਂ ਬਾਰੇ ਪੜ੍ਹ ਸਕਦੇ ਹੋ, ਜਿੱਥੇ ਇਹ ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਹਨ:www.rcoa.ac.uk/patientinfo/translations#languages।

## ਕੰਬਣੀ ਕੀ ਹੁੰਦੀ ਹੈ?

- ਕੰਬਣੀ ਸ਼ਰੀਰ ਦੇ ਠੰਢ ਮਹਿਸੂਸ ਕਰਨ ਪ੍ਰਤੀ ਇੱਕ ਕੁਦਰਤੀ ਪ੍ਰਤੀਕਿਰਿਆ ਹੈ। ਗਰਮ ਰਹਿਣ ਲਈ ਸਰੀਰ ਦੀਆਂ ਮਾਸਪੇਸ਼ੀਆਂ ਤੇਜ਼ੀ ਨਾਲ ਸੁੰਗੜਦੀਆਂ ਅਤੇ ਢਿੱਲੀਆਂ ਹੋ ਜਾਂਦੀਆਂ ਹਨ, ਜਿਸ ਕਾਰਨ ਕੰਬਣੀ ਹੁੰਦੀ ਹੈ।
- ਓਪਰੇਸ਼ਨ ਤੋਂ ਬਾਅਦ ਕੰਬਣੀ ਅਸਹਿਜ ਹੋ ਸਕਦੀ ਹੈ, ਪਰ ਇਹ ਖਤਰਨਾਕ ਨਹੀਂ ਹੈ ਅਤੇ ਆਮ ਤੌਰ 'ਤੇ 20-30 ਮਿੰਟਾਂ ਵਿੱਚ ਬੰਦ ਹੋ ਜਾਂਦੀ ਹੈ।
- ਕੰਬਣੀ ਕਾਰਨ ਤੁਹਾਡੇ ਸਰੀਰ ਨੂੰ ਵਧੇਰੇ ਆਕਸੀਜਨ ਦੀ ਲੋੜ ਪੈਂਦੀ ਹੈ। ਤੁਹਾਨੂੰ ਮਾਸਕ ਰਾਹੀਂ ਵਾਧੂ ਆਕਸੀਜਨ ਦੀ ਲੋੜ ਪੈ ਸਕਦੀ ਹੈ।

## ਇਸ ਦੇ ਹੋਣ ਦੀ ਕਿੰਨੀ ਕੁ ਸੰਭਾਵਨਾ ਹੈ?

### ਹਰ 100 ਵਿਅਕਤੀਆਂ ਵਿੱਚੋਂ



**ਲਗਭਗ 15 ਨੂੰ ਹੋਈ** **ਲਗਭਗ 85 ਨੂੰ ਨਹੀਂ ਹੋਈ**

ਇਹ ਅੰਕੜੇ ਖੋਜ ਅਧਿਐਨਾਂ ਤੋਂ ਲਏ ਗਏ ਹਨ। ਤੁਸੀਂ ਸਾਡੇ ਅੰਕੜਿਆਂ ਦੇ ਸਰੋਤ ਸਾਡੀ ਵੈੱਬਸਾਈਟ 'ਤੇ ਦੇਖ ਸਕਦੇ ਹੋ: www.rcoa.ac.uk/patientinfo/risks/evidence.

## ਬੇਹੋਸ਼ ਕਰਨ ਵਾਲੀ ਦਵਾਈ ਲੈਣ ਬਾਅਦ ਕਿਨ੍ਹਾਂ ਚੀਜ਼ਾਂ ਕਾਰਣ ਕੰਬਣੀ ਛਿੜਦੀ ਹੈ?

- ਓਪਰੇਟਿੰਗ ਥੀਏਟਰ ਠੰਡੇ ਹੋ ਸਕਦੇ ਹਨ। ਸਰਜਰੀ ਦੌਰਾਨ ਤੁਹਾਡੇ ਸਰੀਰ ਦੇ ਕੁਝ ਹਿੱਸੇ ਠੰਡੀ ਹਵਾ ਦੇ ਸੰਪਰਕ ਵਿੱਚ ਆ ਸਕਦੇ ਹਨ ਅਤੇ ਤੁਹਾਡਾ ਤਾਪਮਾਨ ਘੱਟ ਸਕਦਾ ਹੈ।
- ਕਈ ਵਾਰ ਬੇਹੋਸ਼ ਕਰਨ ਵਾਲੀ ਦਵਾਈਆਂ ਅਤੇ ਗੈਸਾਂ ਸਰੀਰ ਵਿੱਚ ਤੁਹਾਡੇ ਤਾਪਮਾਨ ਨੂੰ ਨਿਯੰਤਰਿਤ ਕਰਨ ਵਾਲੇ ਸਿਗਨਲਾਂ ਨੂੰ ਪ੍ਰਭਾਵਿਤ ਕਰਦੀਆਂ ਹਨ।
- ਕੰਬਣੀ ਆਮ ਬੇਹੋਸ਼ ਕਰਨ ਵਾਲੀ ਦਵਾਈ ਤੋਂ ਬਾਅਦ ਹੋ ਸਕਦੀ ਹੈ, ਪਰ ਇਹ ਸਰੀਰ ਦੇ ਕਿਸੇ ਖਾਸ ਹਿੱਸੇ ਨੂੰ ਸੁੰਨ ਕਰਨ ਵਾਲੀ ਦਵਾਈ (ਐਪੀਡਿਊਰਲ ਜਾਂ ਸਪਾਈਨਲ) ਤੋਂ ਬਾਅਦ ਵੀ ਹੋ ਸਕਦੀ ਹੈ।

## ਸਿਹਤ ਸੰਭਾਲ ਟੀਮ ਕੀ ਕਰ ਸਕਦੀ ਹੈ?

ਓਪਰੇਸ਼ਨ ਤੋਂ ਬਾਅਦ ਰਿਕਵਰੀ ਰੂਮ ਵਿੱਚ ਇੱਕ ਨਰਸ ਹਮੇਸ਼ਾ ਤੁਹਾਡੇ ਨਾਲ ਹੋਣਗੇ। ਉਹ ਤੁਹਾਡੇ ਤਾਪਮਾਨ ਦੀ ਜਾਂਚ ਕਰਨਗੇ ਅਤੇ ਤੁਹਾਨੂੰ ਗਰਮ ਕੰਬਲ ਜਾਂ ਗਰਮ ਪੀਣ ਵਾਲੀ ਚੀਜ਼ ਦੇਣਗੇ।
ਜੇਕਰ ਇਸ ਨਾਲ ਮਦਦ ਨਹੀਂ ਮਿਲਦੀ, ਤਾਂ ਟੀਮ ਜਾਂ ਤਾਂ ਤੁਹਾਨੂੰ ਗਰਮ ਕਰਨ ਲਈ ਖਾਣ ਵਾਲੀਆਂ ਦਵਾਈਆਂ ਜਾਂ ਨਾੜੀਆਂ ਰਾਹੀਂ ਕੋਈ ਗਰਮ ਤਰਲ ਦੇ ਸਕਦੀ ਹੈ।

## ਮੈਂ ਖੁਦ ਕੀ ਕਰ ਸਕਦਾ/ਸਕਦੀ ਹਾਂ?

ਓਪਰੇਟਿੰਗ ਥੀਏਟਰ ਵਿੱਚ ਜਾਣ ਦੀ ਉਡੀਕ ਕਰਦੇ ਸਮੇਂ ਜਿੰਨਾ ਹੋ ਸਕੇ ਗਰਮ ਰਹਿਣ ਦੀ ਕੋਸ਼ਿਸ਼ ਕਰੋ। ਜੇਕਰ ਤੁਸੀਂ ਓਪਰੇਸ਼ਨ ਤੋਂ ਪਹਿਲਾਂ ਗਰਮ ਹੋ, ਤਾਂ ਤੁਹਾਨੂੰ ਬਾਅਦ ਵਿੱਚ ਠੰਡ ਘੱਟ ਮਹਿਸੂਸ ਹੋਵੇਗੀ।
ਜੇਕਰ ਤੁਸੀਂ ਠੰਡੇ ਹੋ ਤਾਂ ਨਰਸਾਂ ਨੂੰ ਦੱਸੋ ਤੇ ਉਹ ਤੁਹਾਨੂੰ ਕੰਬਲ ਦੇ ਸਕਦੇ ਹਨ।

ਤੁਸੀਂ ਘਰ ਤੋਂ ਗਰਮ ਕੱਪੜੇ ਅਤੇ ਚੱਪਲਾਂ ਹਸਪਤਾਲ ਲੈ ਕੇ ਆ ਸਕਦੇ ਹੋ।

## ਇਹ ਜਾਣ ਕੇ ਚੰਗਾ ਲੱਗੇਗਾ

ਇਹ ਜ਼ਰੂਰੀ ਨਹੀਂ ਕਿ ਜੇਕਰ ਤੁਹਾਨੂੰ ਪਹਿਲੀ ਵਾਰੀ ਬੇਹੋਸ਼ੀ ਦੀ ਦਵਾਈ ਸਮੇਂ ਕੰਬਣੀ ਛਿੜੀ ਸੀ ਤਾਂ ਭਵਿੱਖ ਵਿੱਚ ਵੀ ਹੋਣ ਦੀ ਜ਼ਿਆਦਾ ਸੰਭਾਵਨਾ ਹੈ।

## ਬੇਦਾਅਵਾ

ਅਸੀਂ ਇਸ ਪਰਚੇ ਵਿੱਚ ਦਿੱਤੀ ਜਾਣਕਾਰੀ ਨੂੰ ਸਹੀ ਅਤੇ ਅੱਪ-ਟੂ-ਡੇਟ ਰੱਖਣ ਦੀ ਬਹੁਤ ਕੋਸ਼ਿਸ਼ ਕਰਦੇ ਹਾਂ, ਪਰ ਅਸੀਂ ਇਸਦੀ ਗਾਰੰਟੀ ਨਹੀਂ ਦੇ ਸਕਦੇ। ਅਸੀਂ ਇਹ ਉਮੀਦ ਨਹੀਂ ਕਰਦੇ ਹਾਂ ਕਿ ਇਹ ਆਮ ਜਾਣਕਾਰੀ ਤੁਹਾਡੇ ਕੋਲ ਹੋਣ ਵਾਲੇ ਸਾਰੇ ਸਵਾਲਾਂ ਨੂੰ ਕਵਰ ਕਰੇਗੀ ਜਾਂ ਹਰ ਉਸ ਚੀਜ਼ ਨਾਲ ਨਜਿੱਠਣ ਲਈ ਜੋ ਤੁਹਾਡੇ ਲਈ ਮਹੱਤਵਪੂਰਨ ਹੋ ਸਕਦੀ ਹੈ। ਇੱਕ ਗਾਈਡ ਦੇ ਤੌਰ 'ਤੇ ਇਸ ਪਰਚੇ ਦੀ ਵਰਤੋਂ ਕਰਦੇ ਹੋਏ, ਤੁਹਾਨੂੰ ਆਪਣੀ ਮੈਡੀਕਲ ਟੀਮ ਨਾਲ ਆਪਣੀਆਂ ਚੋਣਾਂ ਅਤੇ ਕਿਸੇ ਵੀ ਚਿੰਤਾ ਬਾਰੇ ਚਰਚਾ ਕਰਨੀ ਚਾਹੀਦੀ ਹੈ ਆਪਣੇ ਆਪ ਹੀ ਇਸ ਪਰਚੇ ਨੂੰ ਸਲਾਹ ਨਹੀਂ ਮੰਨਿਆ ਜਾਣਾ ਚਾਹੀਦਾ ਹੈ। ਇਸਦੀ ਵਰਤੋਂ ਕਿਸੇ ਵਪਾਰ ਜਾਂ ਵਪਾਰਕ ਉਦੇਸ਼ ਲਈ ਨਹੀਂ ਕੀਤੀ ਜਾ ਸਕਦੀ। ਪੂਰੇ ਬੇਦਾਅਵੇ ਲਈ ਕਿਰਪਾ ਕਰਕੇ ਇੱਥੇ ਕਲਿੱਕ ਕਰੋ। (www.rcoa.ac.uk/patient-information/translations/punjabi).

ਸਾਰੇ ਅਨੁਵਾਦ ‘Translators without Borders' ਦੀ ਅਨੁਵਾਦਕ ਕਮਿਉਨਿਟੀ ਵਲੋਂ ਮੁਹੱਈਆ ਕੀਤੇ ਜਾਂਦੇ ਹਨ। ਇਹਨਾਂ ਅਨੁਵਾਦਾਂ ਨੂੰ, ਜਿੰਨਾ ਸੰਭਵ ਹੋ ਸਕੇ, ਦਰੁਸਤ ਬਣਾਉਣ ਲਈ ਅਨੁਵਾਦਾਂ ਦੀ ਕੁਆਲਿਟੀ ਨੂੰ ਚੈੱਕ ਕੀਤਾ ਜਾਂਦਾ ਹੈ, ਪਰ ਫੇਰ ਵੀ ਕੁਝ ਜਾਣਕਾਰੀ ਵਿੱਚ ਗਲਤੀਆਂ ਅਤੇ ਇਸਦੀ ਗਲਤ ਵਿਆਖਿਆ ਹੋਣ ਦਾ ਖਤਰਾ ਰਹਿੰਦਾ ਹੈ।

# ਸਾਨੂੰ ਦੱਸੋ ਕਿ ਤੁਸੀਂ ਕੀ ਸੋਚਦੇ ਹੋ

ਇਸ ਪਰਚੇ ਨੂੰ ਹੋਰ ਬਿਹਤਰ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸਵਾਗਤ ਹੈ।

ਜੇ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੇ ਵਿਚਾਰ ਇਸ ‘ਤੇ ਈਮੇਲ ਕਰੋ:
patientinformation@rcoa.ac.uk

**Royal College of Anaesthetists**
Churchill House, 35 Red Lion Square, London WC1R 4SG

## www.rcoa.ac.uk

ਛੇਵਾਂ ਸੰਸਕਰਣ, ਨਵੰਬਰ 2024

ਪ੍ਰਕਾਸ਼ਨ ਦੀ ਮਿਤੀ ਤੋਂ ਤਿੰਨ ਸਾਲਾਂ ਦੇ ਅੰਦਰ ਇਸ ਪਰਚੇ ਦੀ ਸਮੀਖਿਆ ਕੀਤੀ ਜਾਵੇਗੀ।

**© 2024 Royal College of Anaesthetists**
ਇਸ ਪਰਚੇ ਦੀ ਨਕਲ ਮਰੀਜ਼ਾਂ ਲਈ ਜਾਣਕਾਰੀ ਸਮੱਗਰੀ ਤਿਆਰ ਕਰਨ ਦੇ ਉਦੇਸ਼ ਲਈ ਕੀਤੀ ਜਾ ਸਕਦੀ ਹੈ। ਕਿਰਪਾ ਕਰਕੇ ਇਸ ਮੂਲ ਸਰੋਤ ਦਾ ਹਵਾਲਾ ਦਿਓ। ਜੇਕਰ ਤੁਸੀਂ ਇਸ ਪਰਚੇ ਦਾ ਹਿੱਸਾ ਕਿਸੇ ਹੋਰ ਪ੍ਰਕਾਸ਼ਨ ਵਿੱਚ ਵਰਤਣਾ ਚਾਹੁੰਦੇ ਹੋ, ਤਾਂ ਢੁਕਵਾਂ ਧੰਨਵਾਦ ਪ੍ਰਗਟਾਉਣਾ ਜ਼ਰੂਰੀ ਹੈ ਅਤੇ ਲੋਗੋ, ਬ੍ਰਾਂਡਿੰਗ, ਚਿੱਤਰ ਅਤੇ ਆਈਕਨਾਂ ਨੂੰ ਜ਼ਰੂਰ ਹਟਾ ਦਿੱਤਾ ਜਾਣਾ ਚਾਹੀਦਾ ਹੈ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।